








ਸਰਕਾਰੀ ਹਾਈ ਸਮਾਰਟ ਸਕੂਲ ਭੰਗਲ ਵਿਖੇ ਵਾਲੀਬਾਲ ਖਿਡਾਰਨਾਂ ਨੂੰ ਸਨਮਾਨਿਤ ਕਰਨ ਮੌਕੇ ਸਰਪੰਚ ਤੇ ਹਾਜ਼ਰ ਸਕੂਲ ਸਟਾਫ। ਤਸਵੀਰ : ਚੌਧਰੀ ਧਰਮ ਪਾਲ

# ਪਿੰਡ ਭੰਗਲ ਦੀਆਂ ਨੈਸ਼ਨਲ ਵਾਲੀਬਾਲ ਖਿਡਾਰਨਾਂ ਦਾ ਪਿੰਡ ਪਹੁੰਚਣ 'ਤੇ ਸਵਾਗਤ

ਸੁਖਸਾਲ, 3 ਜਨਵਰੀ (ਧਰਮ ਪਾਲ)- ਸਰਕਾਰੀ ਹਾਈ ਸਮਾਰਟ ਸਕੂਲ ਭੰਗਲ ਦੀਆਂ ਵਾਲੀਬਾਲ ਖਿਡਾਰਨਾਂ ਦਾ ਪਿੰਡ ਪਹੁੰਚਣ 'ਤੇ ਗਰਾਮ ਪੰਚਾਇਤ ਭੰਗਲ ਤੇ ਸਕੂਲ ਸਟਾਫ਼ ਵਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਪਿੰਡ ਦੇ ਸਰਪੰਚ ਕੁਲਦੀਪ ਸਿੰਘ ਨੇ ਦੱਸਿਆ ਕਿ ਭਾਰਤੀ ਵਾਲੀਬਾਲ ਫੈਡਰੇਸ਼ਨ ਵਲੋਂ 47ਵੀਆਂ ਜੂਨੀਅਰ ਨੈਸ਼ਨਲ ਵਾਲੀਬਾਲ ਚੈਂਪੀਅਨਸ਼ਪਿ ਜੋ ਕਿ 25 ਦਸੰਬਰ 2021 ਤੋਂ 30 ਦਸੰਬਰ 2021 ਤੱਕ ਵਰਦਵਾਨ (ਪੱਛਮੀ ਬੰਗਾਲ) ਵਿਖੇ ਆਯੋਜਿਤ ਹੋਈਆਂ ਸਨ, 'ਚ ਭੰਗਲ ਪਿੰਡ ਦੀਆਂ ਤਿੰਨ ਖਿਡਾਰਨਾਂ ਜਸਪ੍ਰੀਤ ਕੌਰ, ਕਿਰਨ ਬੇਦੀ ਤੇ ਸਿਮਰਨਪ੍ਰੀਤ ਕੌਰ ਨੇ ਪੰਜਾਬ ਦੀ ਟੀਮ ਵਿਚ ਖੇਡਦਿਆਂ ਇਨ੍ਹਾਂ ਖੇਡਾਂ ਵਿਚ ਭਾਗ ਲਿਆ ਜੋ ਕਿ ਸਾਡੇ ਇਲਾਕੇ ਤੇ ਪਿੰਡ ਲਈ ਬਹੁਤ ਮਾਣ ਦੀ ਗੱਲ ਹੈ। ਉਨ੍ਹਾਂ ਦੱਸਿਆ ਕਿ ਇਸ ਪ੍ਰਾਪਤੀ ਦਾ ਸਿਹਰਾ ਸਾਡੇ ਸਕੂਲ ਭੰਗਲ ਦੇ ਵਾਲੀਬਾਲ ਕੋਚ ਰਜੀਵ ਕੁਮਾਰ ਭਲਾਣ, ਮੁੱਖ ਅਧਿਆਪਕਾ ਸ੍ਰੀਮਤੀ ਰਮਾ ਸ਼ਰਮਾ ਤੇ ਸਮੂਹ ਸਟਾਫ਼ ਨੂੰ ਜਾਂਦਾ ਹੈ ਜਿਨ੍ਹਾਂ ਨੇ ਆਪਣੀ ਅਣਥੱਕ ਮਿਹਨਤ ਕਰਕੇ ਇਨ੍ਹਾਂ ਖਿਡਾਰਨਾਂ ਨੂੰ ਇਸ ਮੁਕਾਮ 'ਤੇ ਪਹੁੰਚਾਇਆ ਹੈ। ਇਹ ਖਿਡਾਰਨਾਂ ਪਹਿਲਾਂ ਵੀ ਕਈ ਵਾਰ ਪੰਜਾਬ ਤੇ ਨੈਸ਼ਨਲ ਪੱਧਰ 'ਤੇ ਵਾਲੀਬਾਲ ਖੇਡ 'ਚ ਭਾਗ ਲੈ ਚੁੱਕੀਆਂ ਹਨ। ਇਸ ਮੌਕੇ ਦੀਪਕ ਕੁਮਾਰ, ਰਾਜ ਕੁਮਾਰ, ਲਲਿਤ ਕੁਮਾਰ, ਮਿਸ ਅਨੀਤਾ ਤੇ ਮੈਡਮ ਰਜਨੀ ਆਦਿ ਹਾਜ਼ਰ ਸਨ।

# ਪਸ਼ੂਆਂ ਦੇ ਟੀਕੇ ਨਾ ਲਗਾਏ ਜਾਣ ਕਾਰਨ ਕਈ ਪਸ਼ੂ ਆਏ ਮੂੰਹ ਖੁਰ ਦੀ ਬਿਮਾਰੀ ਦੀ ਲਪੇਟ 'ਚ

ਨੂਰਪੁਰ ਬੇਦੀ, 3 ਜਨਵਰੀ (ਰਾਜੇਸ਼ ਚੌਧਰੀ ਤਖਤਗੜ੍ਹ)-ਬੀਤੇ ਡੇਢ ਸਾਲ ਤੋਂ ਪਸ਼ੂਆਂ ਦੇ ਮੂੰਹ ਖੁਰ ਦੇ ਰੋਗ ਤੋਂ ਬਚਾਅ ਲਈ ਟੀਕੇ ਨਾ ਲਗਾਏ ਜਾਣ ਕਾਰਨ ਕਈ ਪਿੰਡਾਂ 'ਚ ਪਸ਼ੂ ਇਸ ਦੀ ਲਪੇਟ 'ਚ ਆ ਚੁੱਕੇ ਹਨ। ਬੇਖ਼ਬਰ ਹੋਏ ਪਸ਼ੂ ਪਾਲਣ ਵਿਭਾਗ ਦੀ ਸੁਸਤ ਟੀਕਾਕਰਨ ਰਫ਼ਤਾਰ ਕਾਰਨ ਪਸ਼ੂਆਂ 'ਚ ਇਹ ਰੋਗ ਤੇਜ਼ੀ ਨਾਲ ਫੈਲ ਰਿਹਾ ਹੈ। ਜਮਹੂਰੀ ਕਿਸਾਨ ਸਭਾ ਦੇ ਆਗੂਆਂ ਧਰਮਪਾਲ ਸੈਣੀ, ਅਮਰੀਕ ਸਿੰਘ ਸਮੀਰੋਵਾਲ, ਮਾ. ਗੁਰਨੈਬ ਸਿੰਘ, ਕਿਸਾਨ ਰਜਿੰਦਰ ਬਿੱਟੂ, ਕਿਸ਼ਨ ਲੈਹੜੀਆਂ, ਗੁਰਮੀਤ ਸਿੰਘ ਤੇ ਕੁਲਵੰਤ ਕੁੰਭੇਵਾਲ ਨੇ ਗੱਲ ਕਰਦਿਆਂ ਦੱਸਿਆ ਕਿ ਕਰੀਬ ਡੇਢ ਸਾਲ ਪਹਿਲਾਂ ਉਕਤ ਰੋਗ ਤੋਂ ਬਚਾਅ ਲਈ ਪਸ਼ੂਆਂ ਦਾ ਟੀਕਾਕਰਨ ਕੀਤਾ ਗਿਆ ਸੀ ਜਿਸ ਤੋਂ ਬਾਅਦ ਮੁੜ ਕਿਸੇ ਨੇ ਪਸ਼ੂਆਂ ਦੀ ਜਾਂਚ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਕਿਸਾਨਾਂ ਨੇ ਯੂਨੀਅਨ ਆਗੂਆਂ ਦੇ ਧਿਆਨ 'ਚ ਲਿਆਂਦਾ ਹੈ ਕਿ 1-2 ਪਿੰਡਾਂ ਨੂੰ ਛੱਡ ਕੇ ਕਿਸੇ ਵੀ ਪਿੰਡ 'ਚ ਪਸ਼ੂਆਂ ਦਾ ਟੀਕਾਕਰਨ ਨਹੀਂ ਹੋਇਆ। ਉਨ੍ਹਾਂ ਡਿਪਟੀ ਕਮਿਸ਼ਨਰ ਰੂਪਨਗਰ ਤੋਂ ਮੰਗ ਕੀਤੀ ਕਿ ਪਸ਼ੂ ਪਾਲਕਾਂ ਦੀ ਕਮਾਈ ਦਾ ਇਕ ਮਾਤਰ ਸਾਧਨ ਪਸ਼ੂ ਧੰਨ ਦੀ ਸੁਰੱਖਿਆ ਲਈ ਪਿੰਡਾਂ 'ਚ ਤੇਜ਼ੀ ਨਾਲ ਟੀਕਾਕਰਨ ਕਰਵਾਉਣ ਲਈ ਪ੍ਰਬੰਧ ਕੀਤੇ ਜਾਣ। ਵਿਭਾਗ ਦੇ ਇਕ ਸੇਵਾ-ਮੁਕਤ ਵੈਟਰਨਰੀ ਇੰਸਪੈਕਟਰ ਨੇ ਦੱਸਿਆ ਕਿ ਸਾਲ ਪਹਿਲਾਂ ਦਸੰਬਰ 2020 'ਚ ਟੀਕਾ ਖ਼ਰਾਬ ਆਉਣ ਦੀਆਂ ਖ਼ਬਰਾਂ ਕਾਰਨ ਕੁੱਝ ਕੁ ਪਿੰਡਾਂ 'ਚ ਹੀ ਪਸ਼ੂਆਂ ਦਾ ਟੀਕਾਕਰਨ ਹੋ ਸਕਿਆ ਸੀ। ਇਸ ਤੋਂ ਇਲਾਵਾ ਵਿਭਾਗ 'ਚ ਕਰਮਚਾਰੀਆਂ ਦੀਆਂ ਘਾਟ ਕਾਰਨ ਵੀ ਟੀਕਾਕਰਨ ਦੀ ਪ੍ਰਕਿਰਿਆ ਪ੍ਰਭਾਵਿਤ ਹੋਈ ਹੈ। ਹੁਣ ਵੈਟਰਨਰੀ ਇੰਸਪੈਕਟਰਾਂ ਦੇ ਪਦ ਭਰੇ ਜਾਣ ਕਾਰਨ ਟੀਕਾਕਰਨ 'ਚ ਤੇਜ਼ੀ ਆਉਣ ਦੀ ਉਮੀਦ ਹੈ। ਇਸ ਸੰਬੰਧੀ ਗੱਲ ਕਰਨ 'ਤੇ ਪਸ਼ੂ ਹਸਪਤਾਲ ਡੂਮੇਵਾਲ ਦੇ ਵੈਟਰਨਰੀ ਅਧਿਕਾਰੀ ਹਰਤੇਗ ਸਿੰਘ ਨੇ ਆਖਿਆ ਕਿ ਹੁਣ ਉਨ੍ਹਾਂ ਕੋਲ ਨੂਰਪੁਰ ਬੇਦੀ ਦਾ ਚਾਰਜ ਨਹੀਂ ਹੈ।



ਗੱਲਬਾਤ ਕਰਦੇ ਜਮਹੂਰੀ ਕਿਸਾਨ ਸਭਾ ਦੇ ਆਗੂ ਤੇ ਕਿਸਾਨ। ਤਸਵੀਰ : ਰਾਜੇਸ਼ ਚੌਧਰੀ



ਸ੍ਰੀ ਚਮਕੌਰ ਸਾਹਿਬ ਵਿਖੇ ਉੱਘੇ ਖੇਡ ਪ੍ਰਮੋਟਰ ਤੇ ਸਮਾਜ ਸੇਵੀ ਦਵਿੰਦਰ ਸਿੰਘ ਬਾਜਵਾ ਦਾ ਵਿਸ਼ੇਸ਼ ਸਨਮਾਨ ਕਰਦੇ ਜ਼ਿਲ੍ਹਾ ਯੂਥ ਕਲੱਬਜ਼ ਤਾਲਮੇਲ ਕਮੇਟੀ ਦੇ ਸਰਪ੍ਰਸਤ ਸ਼ਮਸ਼ੇਰ ਸਿੰਘ ਭੰਗੂ ਅਤੇ ਹੋਰ। ਤਸਵੀਰ : ਜਗਮੋਹਣ ਸਿੰਘ ਨਾਰੰਗ

# ਖੇਡ ਪ੍ਰਮੋਟਰ ਤੇ ਸਮਾਜ ਸੇਵੀ ਦਵਿੰਦਰ ਸਿੰਘ ਬਾਜਵਾ ਦਾ ਸਨਮਾਨ

ਸ੍ਰੀ ਚਮਕੌਰ ਸਾਹਿਬ, 3 ਜਨਵਰੀ (ਜਗਮੋਹਣ ਸਿੰਘ ਨਾਰੰਗ)- ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ ਜ਼ਿਲ੍ਹਾ ਯੂਥ ਕਲੱਬਜ਼ ਤਾਲਮੇਲ ਕਮੇਟੀ ਵਲੋਂ ਉੱਘੇ ਸਮਾਜ ਸੇਵੀ ਤੇ ਅੰਤਰਰਾਸ਼ਟਰੀ ਖੇਡ ਪ੍ਰਮੋਟਰ ਦਵਿੰਦਰ ਸਿੰਘ ਬਾਜਵਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਕਮੇਟੀ ਦੇ ਚੇਅਰਮੈਨ ਜਸਵੀਰ ਸਿੰਘ ਸੈਦਪੁਰ ਨੇ ਦੱਸਿਆ ਕਿ ਸ੍ਰੀ ਬਾਜਵਾ ਨੂੰ ਸਨਮਾਨਿਤ ਕਰਨ ਦੀ ਰਸਮ ਕਮੇਟੀ ਦੇ ਚੇਅਰਮੈਨ ਸ਼ਮਸ਼ੇਰ ਸਿੰਘ ਭੰਗੂ (ਪ੍ਰਧਾਨ ਨਗਰ ਪੰਚਾਇਤ), ਕਮੇਟੀ ਦੇ ਪ੍ਰਧਾਨ ਵਰਿੰਦਰ ਸਿੰਘ ਬਾਜਵਾ, ਚੇਅਰਮੈਨ ਸ਼ਮਸ਼ੇਰ ਸਿੰਘ ਭੋਜੇਮਾਜਰਾ ਤੇ ਦਰਸ਼ਨ ਸਿੰਘ ਸੰਧੂ ਨੇ ਅਦਾ ਕਰਦਿਆਂ ਕਿਹਾ ਕਿ ਸ੍ਰੀ ਬਾਜਵਾ ਨੇ ਕਿਸਾਨੀ ਅੰਦੋਲਨ ਦੌਰਾਨ ਦਿੱਲੀ ਵਿਖੇ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਨ, ਖ਼ੂਨਦਾਨ ਕੈਂਪ ਲਗਾਉਣ, ਲੋੜਵੰਦਾਂ ਦੀ ਸਹਾਇਤਾ ਲਈ ਕੈਂਪ ਲਗਾਉਣ ਸਮੇਤ ਅਨੇਕਾਂ ਸਮਾਜ ਸੇਵੀ ਕੰਮਾਂ 'ਚ ਅਹਿਮ ਯੋਗਦਾਨ ਪਾਇਆ, ਜਿਸ ਕਾਰਨ ਜ਼ਿਲ੍ਹਾ ਯੂਥ ਕਲੱਬਜ਼ ਤਾਲਮੇਲ ਕਮੇਟੀ ਵਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ। ਇਸ ਮੌਕੇ ਦਵਿੰਦਰ ਸਿੰਘ ਬਾਜਵਾ ਨੇ ਤਾਲਮੇਲ ਕਮੇਟੀ ਦਾ ਧੰਨਵਾਦ ਕਿਹਾ ਕਿ ਉਹ ਸਮਾਜ ਸੇਵੀ ਕੰਮਾਂ ਤੇ ਨੌਜਵਾਨਾਂ ਨੂੰ ਸਮਾਜਿਕ ਅਲਾਮਤਾਂ ਤੋਂ ਦੂਰ ਰੱਖਣ ਲਈ ਆਪਣੇ ਕਾਰਜਾਂ ਨੂੰ ਲਗਾਤਾਰ ਜਾਰੀ ਰੱਖਣਗੇ। ਇਸ ਮੌਕੇ ਕਮਲਜੀਤ ਸਿੰਘ ਬਾਬਾ ਰੂਪਨਗਰ, ਗੁਰਚਰਨ ਸਿੰਘ ਮਾਣੇਮਾਜਰਾ, ਪੰਚਾਇਤ ਯੂਨੀਅਨ ਦੇ ਪ੍ਰਧਾਨ ਅਮਰੀਕ ਸਿੰਘ ਸੈਦਪੁਰ, ਬਲਾਕ ਕਾਂਗਰਸ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਮਹਿਤੋਤ, ਜ/ਸ ਪਰਮਿੰਦਰ ਸਿੰਘ ਭੰਗੂ, ਗੁਰਦੀਪ ਸਿੰਘ ਮਕੜੌਨਾ, ਸੰਤ ਸਿੰਘ ਦਿਓਲ ਸਰਪੰਚ ਕਤਲੌਰ, ਜਸਵੀਰ ਸਿੰਘ ਜੱਸੀ ਮਾਣੇਮਾਜਰਾ, ਕੇਸਰ ਸਿੰਘ ਸੁਰਤਾਪੁਰ ਸਮੇਤ ਤਾਲਮੇਲ ਕਮੇਟੀ ਦੇ ਮੈਂਬਰ ਵੱਡੀ ਗਿਣਤੀ 'ਚ ਹਾਜ਼ਰ ਸਨ।



ਬਹੁਜਨ ਸਮਾਜ ਪਾਰਟੀ ਵਲੋਂ ਵਾਰਡ ਨੰ: 17 'ਚ ਚੋਣ ਮੀਟਿੰਗ ਦੌਰਾਨ ਸੰਬੋਧਨ ਕਰਦੇ ਹੋਏ ਡਾ. ਚੀਮਾ।

# ਡਾ. ਚੀਮਾ ਦੇ ਹੱਕ 'ਚ ਬਹੁਜਨ ਸਮਾਜ ਪਾਰਟੀ ਵਲੋਂ ਵਾਰਡ ਨੰ: 17 'ਚ ਚੋਣ ਮੀਟਿੰਗ

ਰੂਪਨਗਰ, 3 ਜਨਵਰੀ (ਸਤਨਾਮ ਸਿੰਘ ਸੱਤੀ)-ਬਹੁਜਨ ਸਮਾਜ ਪਾਰਟੀ ਰੋਪੜ ਵਲੋਂ ਸ਼ਹਿਰ ਦੇ ਵਾਰਡ ਨੰਬਰ 17 ਹਵੇਲੀ ਕਲਾਂ ਵਿਖੇ ਇਕ ਵੱਡੀ ਚੋਣ ਮੀਟਿੰਗ ਕੀਤੀ ਗਈ। ਜਿਸ 'ਚ ਰੋਪੜ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਬਹੁਜਨ ਸਮਾਜ ਪਾਰਟੀ ਗੱਠਜੋੜ ਦੇ ਸਾਂਝੇ ਉਮੀਦਵਾਰ ਡਾ. ਦਲਜੀਤ ਸਿੰਘ ਚੀਮਾ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਮੀਟਿੰਗ ਨੂੰ ਸੰਬੋਧਨ ਕਰਦਿਆਂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਤੇ ਬਹੁਜਨ ਸਮਾਜ ਪਾਰਟੀ ਦਾ ਗੱਠਜੋੜ ਇਕ ਇਤਿਹਾਸਕ ਗੱਠਜੋੜ ਹੈ। ਉਨ੍ਹਾਂ ਕਿਹਾ ਕਿ ਇਸ ਸਮਝੌਤੇ ਤੋਂ ਕਾਂਗਰਸ ਤੇ ਆਮ ਆਦਮੀ ਪਾਰਟੀ ਨੂੰ ਬਹੁਤ ਵੱਡੀ ਤਕਲੀਫ਼ ਹੋਈ ਸੀ ਤੇ ਸਮਝੌਤੇ ਮੁਤਾਬਿਕ ਸ੍ਰੀ ਅਨੰਦਪੁਰ ਸਾਹਿਬ ਤੇ ਸ੍ਰੀ ਚਮਕੌਰ ਸਾਹਿਬ ਦੀਆਂ ਸੀਟਾਂ ਬਹੁਜਨ ਸਮਾਜ ਪਾਰਟੀ ਨੂੰ ਦੇਣ ਵੇਲੇ ਵੀ ਇਨ੍ਹਾਂ ਪਾਰਟੀਆਂ ਨੇ ਗ਼ਲਤ ਬਿਆਨਬਾਜ਼ੀ ਕੀਤੀ ਸੀ। ਉਨ੍ਹਾਂ ਨੇ ਆਪਣੇ ਪਿਛਲੇ ਕਾਰਜਕਾਲ ਦੌਰਾਨ ਕੀਤੇ ਵਿਕਾਸ ਕਾਰਜਾਂ 'ਤੇ ਵੀ ਚਾਨਣਾ ਪਾਇਆ। ਇਸ ਮੌਕੇ ਬਹੁਜਨ ਸਮਾਜ ਪਾਰਟੀ ਦੇ ਜਨਰਲ ਸਕੱਤਰ ਅਜੀਤ ਸਿੰਘ ਭੈਣੀ, ਜ਼ਿਲ੍ਹਾ ਪ੍ਰਧਾਨ ਮਾਸਟਰ ਰਾਮ ਪਾਲ ਅਬਿਆਣਾ, ਹਲਕਾ ਪ੍ਰਧਾਨ ਮਾਸਟਰ ਮੋਹਣ ਸਿੰਘ ਨੌਧੇ ਮਾਜਰਾ, ਸੀਨੀਅਰ ਆਗੂ ਮਾਸਟਰ ਜਗਦੀਸ਼ ਸਿੰਘ ਹਵੇਲੀ, ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਜਥੇਦਾਰ ਹਰਜੀਤ ਸਿੰਘ ਹਵੇਲੀ, ਹਰਵਿੰਦਰ ਸਿੰਘ ਹਵੇਲੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਸ਼ਹਿਰੀ ਪ੍ਰਧਾਨ ਪਰਮਜੀਤ ਸਿੰਘ ਮੱਕੜ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਅਵਤਾਰ ਸਿੰਘ, ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਹਿੰਮਤ ਸਿੰਘ ਰਾਜਾ, ਸਰਦਾਰ ਮੋਹਨ ਸਿੰਘ ਮੁਹੰਮਦੀਪੁਰ, ਬਾਬਾ ਸਤਨਾਮ ਸਿੰਘ, ਗੁਰਦੀਪ ਸਿੰਘ ਦੀਪ, ਬਸਪਾ ਦੇ ਬਜ਼ੁਰਗ ਆਗੂ ਮਾਸਟਰ ਸੁਰਜੀਤ ਰਾਮ ਤੇ ਵੱਡੀ ਗਿਣਤੀ 'ਚ ਵਾਰਡ ਵਾਸੀ ਹਾਜ਼ਰ ਸਨ।

# ਪੰਥਕ ਦਲ ਪੰਜਾਬ ਵਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਕਰਵਾਇਆ ਅਰਦਾਸ ਸਮਾਗਮ

ਸ੍ਰੀ ਚਮਕੌਰ ਸਾਹਿਬ, 3 ਜਨਵਰੀ (ਜਗਮੋਹਣ ਸਿੰਘ ਨਾਰੰਗ)-ਪੰਥਕ ਦਲ ਪੰਜਾਬ (ਬੰਦੀ ਸਿੰਘ ਰਿਹਾਈ ਮੋਰਚਾ) ਵਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਸਥਾਨਕ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਵਿਖੇ ਅਰਦਾਸ ਸਮਾਗਮ ਕਰਵਾਇਆ ਗਿਆ, ਜਿਸ 'ਚ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਲਈ ਅਰਦਾਸ ਕੀਤੀ ਗਈ। ਇਸ ਮੌਕੇ ਸੰਗਤਾਂ ਨੇ ਗੁਰੂ ਗ੍ਰੰਥ ਸਾਹਿਬ ਦੀਆਂ ਹੋ ਰਹੀਆਂ ਬੇਅਦਬੀਆਂ ਦੀ ਨਿੰਦਾਂ ਕਰਦਿਆਂ ਰੋਸ ਜਤਾਇਆ ਗਿਆ ਕਿ ਇਹ ਬੇਅਦਬੀਆਂ ਸਿੱਖ ਕੌਮ ਲਈ ਨਾ ਸਹਾਰਨ ਯੋਗ ਘਟਨਾਵਾਂ ਹਨ। ਇਸ ਮੌਕੇ ਬਾਬਾ ਜੰਗ ਸਿੰਘ ਮੁੱਖ ਸੇਵਾਦਾਰ ਪੰਥਕ ਦਲ ਪੰਜਾਬ (ਬੰਦੀ ਸਿੰਘ ਰਿਹਾਈ ਮੋਰਚਾ) ਨੇ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਪੰਜਾਬ ਕਾਂਗਰਸ ਪ੍ਰਧਾਨ ਸ: ਨਵਜੋਤ ਸਿੰਘ ਸਿੱਧੂ ਤੋਂ ਬੇਅਦਬੀਆਂ ਸੰਬੰਧੀ ਜਵਾਬ ਮੰਗਦਿਆਂ ਕਿਹਾ ਕਿ ਜੇਕਰ 2012 ਤੋਂ 2017 ਤੱਕ ਹੋਇਆ ਬੇਅਦਬੀਆਂ ਦੇ ਦੋਸ਼ੀ ਬਾਦਲ ਹਨ ਤਾਂ 2017 ਤੋਂ 2022 ਦੌਰਾਨ ਹੋਈਆਂ ਬੇਅਦਬੀਆਂ ਦੇ ਦੋਸ਼ੀ ਤੁਸੀਂ ਕਿਉਂ ਨਹੀਂ। ਓਧਰ ਦੂਜੇ ਪਾਸੇ ਦਿੱਲੀ 'ਚ ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਪੂਰੇ ਪੰਜਾਬ 'ਚ ਰੈਲੀਆਂ ਕਰ ਰਿਹਾ ਹੈ ਗਰੰਟੀਆਂ ਦੇ ਰਿਹਾ ਹੈ। ਪਹਿਲਾਂ ਉਹ ਪੰਜਾਬ ਦਰਦੀ, ਪੰਥ ਦਰਦੀ ਤੇ ਸਿੱਖ ਦਰਦੀ ਹੋਣ ਦਾ ਸਬੂਤ ਦੇਵੇ। ਇਸ ਦੇ ਇਵਜ਼ ਵਿਚ ਪ੍ਰੋ: ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਲਈ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਨੇ ਦਸਤਖ਼ਤ ਕਰ ਦਿੱਤੇ ਹਨ ਪਰ ਸਨਟੈਂਸ ਰੀਵਿਊ ਬੋਰਡ ਦੇ ਚੇਅਰਮੈਨ ਹੋਣ ਦੇ ਨਾਤੇ ਸ੍ਰੀ ਕੇਜਰੀਵਾਲ ਨੇ ਇਹ ਦਸਤਖ਼ਤ ਨਹੀਂ ਕੀਤੇ। ਪੰਥਕ ਦਲ ਪੰਜਾਬ ਮੁੱਖ ਮੰਤਰੀ ਕੇਜਰੀਵਾਲ ਨੂੰ ਕਿਹਾ ਕਿ ਉਹ ਜਲਦ ਭੁੱਲਰ ਸਾਹਿਬ ਦੀ ਰਿਹਾਈ 'ਤੇ ਦਸਤਖ਼ਤ ਕਰੇ। ਜੇਕਰ ਦੋ ਦਿਨਾਂ 'ਚ ਦਸਤਖ਼ਤ ਨਾ ਕਿਤੇ ਤਾਂ ਇਸ ਦਾ ਵਿਰੋਧ ਸਾਰੇ ਪੰਜਾਬ ਵਿਚ ਕੀਤਾ ਜਾਵੇਗਾ। ਇਸ ਮੌਕੇ ਤੇਜਿੰਦਰ ਸਿੰਘ ਬਿੱਟਾ (ਜ਼ਿਲ੍ਹਾ ਪ੍ਰਧਾਨ ਲੁਧਿਆਣਾ ਪੰਥਕ ਦਲ ਪੰਜਾਬ), ਜਿੰਦ ਬਡਾਲੀ (ਮੁੱਖ ਬੁਲਾਰਾ ਪੰਥਕ ਦਲ ਪੰਜਾਬ) ਹੈਰੀ ਮੀਤ ਲੁਹਾਰਾ, ਦਲੇਰ ਸਿੰਘ ਸੋਢੀ, ਪਰੈਟੀ ਗਿੱਲ ਮਲਕਪੁਰ, ਗੁਰਦੀਪ ਸਿੰਘ ਖਮਾਣੋਂ, ਪਰਮਜੀਤ ਸਿੰਘ ਸਮਰਾਲਾ, ਰਾਜਇੰਇੰਦਰ ਸਿੰਘ ਰਾਜੂ ਆਦਿ ਨੇ ਵੀ ਸੰਬੋਧਨ ਕੀਤਾ।



ਪੰਥਕ ਦਲ ਪੰਜਾਬ ਦੇ ਆਗੂ ਸ੍ਰੀ ਚਮਕੌਰ ਸਾਹਿਬ ਦੇ ਗੁ: ਸ੍ਰੀ ਕਤਲਗੜ੍ਹ ਸਾਹਿਬ ਵਿਖੇ ਕਰਵਾਏ ਅਰਦਾਸ ਸਮਾਗਮ ਦੌਰਾਨ। ਤਸਵੀਰ : ਜਗਮੋਹਣ ਸਿੰਘ ਨਾਰੰਗ

# ਰੂਪਨਗਰ 'ਚ ਕੋਰੋਨਾ 5 ਮਾਮਲੇ ਆਏ ਸਾਹਮਣੇ

ਰੂਪਨਗਰ, 3 ਜਨਵਰੀ (ਸਤਨਾਮ ਸਿੰਘ ਸੱਤੀ)-ਰੂਪਨਗਰ ਜ਼ਿਲ੍ਹੇ 'ਚ ਕੋਰੋਨਾ ਦੇ ਕੇਸ ਲਗਪਗ ਮਨਫੀ ਹੋ ਗਏ ਸਨ ਪਰ ਅੱਜ ਇੱਕੋ ਦਮ 5 ਕੇਸ ਪਾਜ਼ੀਟਿਵ ਪਾਏ ਗਏ ਹਾਲਾਂਕਿ ਹੁਣ ਸੈਂਪਲ ਟੈੱਸਟ ਕਰਨ ਦੀ ਗਿਣਤੀ ਵੀ 426 ਹੀ ਹੈ ਜਦ ਕਿ ਪਹਿਲਾਂ 1000 ਟੈੱਸਟ ਰੋਜ਼ਾਨਾ ਹੁੰਦੇ ਸਨ। ਭਰਤਗੜ੍ਹ ਸੈਂਟਰ 'ਚ 1, ਮੋਰਿੰਡਾ 'ਚ 2, ਨੂਰਪੁਰ ਬੇਦੀ 'ਚ 1 ਤੇ ਨੰਗਲ ਸਿਹਤ ਕੇਂਦਰ 'ਚ 1 ਕੇਸ ਕੋਰੋਨਾ ਪਾਜ਼ਟਿਵ ਆਇਆ।

## ਜਨਮ ਦਿਨ ਮੁਬਾਰਕ



ਪੁਖਰਾਜਵੀਰ ਸਿੰਘ
ਪਿਤਾ : ਸੇਵਾ ਸਿੰਘ, ਮਾਤਾ : ਰੁਪਿੰਦਰ ਕੌਰ
ਪਿੰਡ : ਅਕਬਰਪੁਰ, ਰੂਪਨਗਰ








ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵੇਂ ਬਣੇ ਪ੍ਰਧਾਨ ਜਥੇਦਾਰ ਕੁਲਵੰਤ ਸਿੰਘ ਬਾਠ ਦੇ ਸਮਰਥਕ ਲੱਡੂ ਵੰਡ ਕੇ ਖ਼ੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ।

# ਬਾਠ ਨੂੰ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਬਣਾਏ ਜਾਣ ਦੀ ਖ਼ੁਸ਼ੀ ਸਮਰਥਕਾਂ ਨੇ ਵੰਡੇ ਲੱਡੂ

ਨੰਗਲ, 3 ਜਨਵਰੀ (ਪ੍ਰੀਤਮ ਸਿੰਘ ਬਰਾਰੀ)-ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਨਵਾਂ ਪ੍ਰਧਾਨ ਜਥੇਦਾਰ ਕੁਲਵੰਤ ਸਿੰਘ ਬਾਠ ਨੂੰ ਬਣਾਏ ਜਾਣ ਦੀ ਖ਼ੁਸ਼ੀ ਵਿਚ ਉਨ੍ਹਾਂ ਦੇ ਸਮਰਥਕਾਂ ਵਲੋਂ ਲੱਡੂ ਵੰਡ ਕੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ। ਇਸ ਮੌਕੇ ਹਰਵਿੰਦਰ ਸਿੰਘ ਝੱਜ ਨੰਗਲੀ, ਜਸਵਿੰਦਰ ਸਿੰਘ ਸੇਖੋਂ ਰਾਇਪੁਰ, ਬਲਕਾਰ ਸਿੰਘ ਬੈਂਸ ਪਲਾਸੀ, ਹਰਦੀਪ ਸਿੰਘ ਸਹੋਤਾ, ਇਕਬਾਲ ਸਿੰਘ ਮਹਿਰੋਲੀ, ਗੁਰਦੀਪ ਸਿੰਘ, ਮਨਿੰਦਰ ਸਿੰਘ, ਰਮੇਸ਼, ਦਲੇਰ ਸਿੰਘ, ਸੁਰਿੰਦਰ ਸਿੰਘ, ਗੁਰਨੈਬ ਸਿੰਘ ਆਦਿ ਹਾਜ਼ਰ ਸਨ।



ਮੋਰਿੰਡਾ ਵਿਖੇ ਨਵਜੋਤ ਸਿੰਘ ਸਿੱਧੂ ਦਾ ਪੁਤਲਾ ਫੂਕਦੇ ਹੋਏ ਮਹਾਰਾਣਾ ਪ੍ਰਤਾਪ ਰਾਜਪੂਤ ਸਭਾ ਮੋਰਿੰਡਾ ਦੇ ਮੈਂਬਰ ਤੇ ਸ਼ਹਿਰ ਵਾਸੀ।

# ਮਹਾਰਾਣਾ ਪ੍ਰਤਾਪ ਰਾਜਪੂਤ ਸਭਾ ਮੋਰਿੰਡਾ ਨੇ ਸਿੱਧੂ ਦਾ ਪੁਤਲਾ ਫੂਕਿਆ

ਮੋਰਿੰਡਾ, 3 ਜਨਵਰੀ (ਕੰਗ)-ਪੰਜਾਬ ਪ੍ਰਦੇਸ਼ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਵਲੋਂ ਗੁੱਗਾ ਜ਼ਾਹਿਰ ਵੀਰ ਖ਼ਿਲਾਫ਼ ਵਰਤੇ ਅਪਸ਼ਬਦਾਂ ਨੂੰ ਲੈ ਕੇ ਮਹਾਰਾਣਾ ਪ੍ਰਤਾਪ ਰਾਜਪੂਤ ਸਭਾ ਮੋਰਿੰਡਾ ਤੇ ਸ਼ਹਿਰ ਵਾਸੀਆਂ ਨੇ ਨਵਜੋਤ ਸਿੰਘ ਸਿੱਧੂ ਦਾ ਪੁਤਲਾ ਫੂਕਿਆ ਤੇ ਰੋਸ ਮੁਜ਼ਾਹਰਾ ਕੀਤਾ ਗਿਆ। ਇਸ ਸੰਬੰਧੀ ਰਾਜੇਸ਼ ਰਾਣਾ, ਆਸ਼ੂ ਰਾਣਾ, ਵਿਜੇ ਰਾਣਾ, ਹਰਕੇਸ਼ ਰਾਣਾ ਤੇ ਰਾਮ ਸਿੰਘ ਰਾਣਾ ਨੇ ਦੱਸਿਆ ਕਿ ਨਵਜੋਤ ਸਿੰਘ ਸਿੱਧੂ ਵਲੋਂ ਜੋ ਗੁੱਗਾ ਜ਼ਾਹਿਰ ਵੀਰ ਖ਼ਿਲਾਫ਼ ਅਪਸ਼ਬਦ ਵਰਤੇ ਹਨ, ਉਸ ਨਾਲ ਉਨ੍ਹਾਂ ਦੇ ਮਨ ਨੂੰ ਗੰਭੀਰ ਠੇਸ ਪਹੁੰਚੀ ਹੈ। ਇਸ ਲਈ ਨਵਜੋਤ ਸਿੰਘ ਸਿੱਧੂ ਨੂੰ ਤੁਰੰਤ ਮੁਆਫ਼ੀ ਮੰਗਣੀ ਚਾਹੀਦੀ ਹੈ। ਇਸ ਮੌਕੇ ਡਾ. ਸੀਤਾ ਰਾਮ ਰਾਣਾ, ਐੱਨ. ਪੀ. ਰਾਣਾ, ਨਿਰਮਲ ਸਿੰਘ ਮੇਹਰਵਾਨ, ਨਵਦੀਪ ਟੋਨੀ, ਜਤਿੰਦਰ ਗੁੰਬਰ, ਸੁਧੀਰ ਕੱਕੜ, ਨਰ ਸਿੰਘ ਰਾਣਾ, ਮਨਿੰਦਰ ਰਾਣਾ ਮੀਆਂਪੁਰ, ਰਣਬੀਰ ਰਾਣਾ, ਜਸਪਾਲ ਰਾਣਾ, ਜਸਬੀਰ, ਯੁਗਵੀਰ ਰਾਣਾ ਆਦਿ ਮੌਜੂਦ ਸਨ।



ਸਰਕਾਰੀ ਸਕੂਲ ਲੋਦੀਮਾਜਰਾ ਵਿਖੇ ਵਿਦਿਆਰਥੀਆਂ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ। ਤਸਵੀਰ : ਜਸਵੀਰ ਸਿੰਘ ਸੈਣੀ

# ਲੋਦੀਮਾਜਰਾ ਸਕੂਲ ਦੇ ਵਿਦਿਆਰਥੀਆਂ ਦਾ ਸਨਮਾਨ

ਘਨੌਲੀ, 3 ਜਨਵਰੀ (ਜਸਵੀਰ ਸਿੰਘ ਸੈਣੀ)-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੋਦੀਮਾਜਰਾ ਵਿਖੇ ਦਸਵੀਂ ਜਮਾਤ ਦੇ ਸੈਸ਼ਨ 2020-21 ਦੇ ਤਿੰਨ ਵਿਦਿਆਰਥੀਆਂ ਹਰਮਨਪ੍ਰੀਤ ਸਿੰਘ ਪੁੱਤਰ ਅਰਵਿੰਦਰ ਸਿੰਘ, ਰਜਤ ਪੁੱਤਰ ਬਲਜਿੰਦਰਪਾਲ ਤੇ ਗੁਰਲੀਨ ਕੌਰ ਪੁੱਤਰੀ ਇਕਬਾਲ ਸਿੰਘ ਨੂੰ ਸਨਮਾਨਿਤ ਕੀਤਾ ਗਿਆ ਜਿਨ੍ਹਾਂ ਨੇ ਦਸਵੀਂ 'ਚੋਂ 100 ਫ਼ੀਸਦੀ ਅੰਕ ਪ੍ਰਾਪਤ ਕੀਤੇ ਅਤੇ ਮੁਕਾਬਲੇ ਦੀ ਪ੍ਰੀਖਿਆ ਪਾਸ ਕਰਕੇ ਸਰਕਾਰ ਵਲੋਂ ਚਲਾਏ ਮੈਰੀਟੋਰੀਅਸ ਸਕੂਲ ਮੋਹਾਲੀ ਵਿਖੇ ਦਾਖਲਾ ਪ੍ਰਾਪਤ ਕੀਤਾ। ਇਸ ਮੌਕੇ ਪ੍ਰਿੰਸੀਪਲ ਪੂਜਾ ਗੋਇਲ, ਲੇਕ. ਸਤਨਾਮ ਸਿੰਘ ਤੇ ਸਮੂਹ ਸਟਾਫ਼ ਹਾਜ਼ਰ ਸੀ।



ਪਿੰਡ ਖੱਡ ਬਠਲੋਰ ਦੀਆਂ ਦੋਵੇਂ ਪੰਚਾਇਤਾਂ ਨੂੰ ਚੈੱਕ ਭੇਟ ਕਰਨ ਸਮੇਂ ਬਾਬੂ ਕਸ਼ਮੀਰੀ ਲਾਲ ਹਰੀਪੁਰ ਤੇ ਹੋਰ। ਤਸਵੀਰ : ਵਿੰਦਰ ਪਾਲ ਝਾਂਡੀਆਂ

# ਬਾਬੂ ਕਸ਼ਮੀਰੀ ਲਾਲ ਹਰੀਪੁਰ ਵਲੋਂ ਖੱਡ ਬਠਲੋਰ ਦੀਆਂ ਦੋਵੇਂ ਪੰਚਾਇਤਾਂ ਨੂੰ 12 ਲੱਖ ਦੀ ਰਾਸ਼ੀ ਦੇ ਚੈੱਕ ਭੇਟ

ਨੂਰਪੁਰ ਬੇਦੀ, 3 ਜਨਵਰੀ (ਵਿੰਦਰ ਪਾਲ ਝਾਂਡੀਆਂ)-ਕਾਂਗਰਸ ਦੇ ਸੀਨੀਅਰ ਆਗੂ ਤੇ ਸੰਮਤੀ ਮੈਂਬਰ ਬਾਬੂ ਕਸ਼ਮੀਰੀ ਲਾਲ ਹਰੀਪੁਰ ਨੇ ਹੋਰ ਆਗੂਆਂ ਨੂੰ ਨਾਲ ਲੈ ਕੇ ਨੂਰਪੁਰ ਬੇਦੀ ਇਲਾਕੇ ਦੇ ਪਿੰਡ ਖੱਡ ਬਠਲੋਰ ਉੱਪਰਲਾ ਤੇ ਹੇਠਲੇ ਲਈ ਸਰਪੰਚ ਸੁਰਿੰਦਰ ਕੌਰ ਤੇ ਸਰਪੰਚ ਛਿੰਦਰ ਪਾਲ ਨੂੰ ਵਿਕਾਸ ਕਾਰਜਾਂ ਲਈ ਛੇ-ਛੇ ਲੱਖ ਰੁਪਏ ਦੀ ਰਾਸ਼ੀ ਦੇ ਚੈੱਕ ਪ੍ਰਦਾਨ ਕੀਤੇ। ਪੰਚਾਇਤਾਂ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ. ਪੀ. ਸਿੰਘ ਦਾ ਧੰਨਵਾਦ ਕੀਤਾ। ਇਸ ਮੌਕੇ ਲਾਲਾ ਸਤੀਸ਼ ਕੁਮਾਰ ਸੋਨੂੰ, ਭਾਗ ਸਿੰਘ ਖਟਾਣਾ, ਚੌਧਰੀ ਗੁਰਮੇਲ ਚੰਦ ਫੂਲੜੇ, ਰਣਜੀਤ ਸਿੰਘ ਰਾਣਾ, ਲਾਲ ਚੰਦ ਮੋਹਨ ਲਾਲ ਆਦਿ ਹਾਜ਼ਰ ਸਨ।



ਵਾਲੀਬਾਲ ਦੀ ਜੇਤੂ ਟੀਮ ਨੂੰ ਭਰਤਗੜ੍ਹ 'ਚ ਖੇਡ ਕਿੱਟਾਂ ਤਕਸੀਮ ਕਰਨ ਮੌਕੇ ਕੈਪ. ਹਰੀਅਵਤਾਰ ਸਿੰਘ, ਮੰਗਤ ਰਾਮ, ਮਨਜੀਤ ਸਿੰਘ ਭਾਓਵਾਲ, ਸਰਪੰਚ ਪਰਮਜੀਤ ਸਿੰਘ ਬੇਲੀ, ਫ਼ੌਜੀ ਬਲਬੀਰ ਸਿੰਘ ਆਦਿ। ਵੇਰਵਾ/ਤਸਵੀਰ : ਜਸਬੀਰ ਸਿੰਘ ਬਾਵਾ